# ਵਰਲਡ ਪੰਜਾਬੀ ਟਾਈਮਜ਼
WORLD PUNJABI TIMES

WORLD PUNJABI TIMES REACHING THE WORLD

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਉਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਉਰੋ ਚੀਫ ਭਾਰਤ : ਗਗਨਦੀਪ ਗਿੱਲ




## ਵਿਜੀਲੈਂਸ ਬਿਊਰੋ ਨੇ ਦੋ ਐਸ.ਡੀ.ਓਜ਼ ਅਤੇ ਕਲਰਕ ਨੂੰ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕੀਤਾ ਕਾਬੂ

ਵਰਲਡ ਪੰਜਾਬੀ ਟਾਈਮਜ਼

ਚੰਡੀਗੜ੍ਹ, 16 ਮਈ : ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ, ਪੀਐਸਪੀਸੀਐਲ ਦਫ਼ਤਰ, ਲੁਧਿਆਣਾ ਵਿਖੇ ਤਾਇਨਾਤ ਐਸ.ਡੀ.ਓ. ਜਸਕਨਵਰਪ੍ਰੀਤ ਸਿੰਘ, ਐਸ.ਡੀ.ਓ. ਸ਼ਰੂਤੀ ਸ਼ਰਮਾ ਅਤੇ ਕਲਰਕ ਆਸ਼ੂ ਨੂੰ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮਾਂ ਨੂੰ ਪ੍ਰਿੰਸ ਨਿਸ਼ਾਵਨ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਸੋਲਰ ਸਿਸਟਮ ਲਗਾਉਣ ਦਾ ਕੰਮ ਕਰਦਾ ਹੈ। ਉਸਨੇ ਵੱਖ-ਵੱਖ ਥਾਵਾਂ 'ਤੇ 02 ਸੋਲਰ ਸਿਸਟਮ ਲਗਾਏ ਸਨ। ਪੀਐਸਪੀਸੀਐਲ ਵੱਲੋਂ ਇਨ੍ਹਾਂ ਸੋਲਰ ਸਿਸਟਮਾਂ ਦਾ ਨਿਰੀਖਣ ਕੀਤਾ ਜਾਣਾ ਸੀ ਅਤੇ ਫਿਰ ਉਨ੍ਹਾਂ 'ਤੇ ਮੀਟਰ ਲਗਾਉਣੇ ਸਨ। ਇਸ ਸਬੰਧੀ, ਮੁਲਜ਼ਮ ਐਸ.ਡੀ.ਓ. ਜਸਕਨਵਰਪ੍ਰੀਤ ਸਿੰਘ, ਐਸ.ਡੀ.ਓ. ਸ਼ਰੂਤੀ ਸ਼ਰਮਾ ਅਤੇ ਕਲਰਕ ਆਸ਼ੂ ਨੇ ਨਿਰੀਖਣ ਅਤੇ ਅਨੁਮਾਨ ਰਿਪੋਰਟ ਤਿਆਰ ਕਰਨ ਬਦਲੇ ਹਰੇਕ ਫਾਈਲ ਲਈ 10,000 ਰੁਪਏ ਭਾਵ 02 ਫਾਈਲਾਂ ਲਈ 20,000 ਰੁਪਏ ਰਿਸ਼ਵਤ ਦੀ ਮੰਗ ਕੀਤੀ।

ਸ਼ਿਕਾਇਤਕਰਤਾ ਰਿਸ਼ਵਤ ਨਹੀਂ ਦੇਣਾ ਚਾਹੁੰਦਾ ਸੀ ਇਸ ਲਈ ਉਸ ਨੇ ਵਿਜੀਲੈਂਸ ਬਿਊਰੋ ਦੀ ਆਰਥਿਕ ਅਪਰਾਧ ਸ਼ਾਖਾ ਲੁਧਿਆਣਾ ਨਾਲ ਸੰਪਰਕ ਕੀਤਾ। ਉਸਦੀ ਸ਼ਿਕਾਇਤ 'ਤੇ ਮੁੱਢਲੀ ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ ਦੀ ਟੀਮ ਨੇ ਇੱਕ ਜਾਲ ਵਿਛਾਇਆ ਜਿਸ ਦੌਰਾਨ ਉਕਤ ਮੁਲਜ਼ਮਾਂ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ।

ਇਸ ਸਬੰਧੀ, ਉਕਤ ਮੁਲਜ਼ਮਾਂ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੀ ਆਰਥਿਕ ਅਪਰਾਧ ਸ਼ਾਖਾ ਲੁਧਿਆਣਾ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਪੀ.ਏ.ਯੂ. ਦੇ ਵਸਤਰ ਵਿਗਿਆਨ ਵਿਭਾਗ ਨੇ ਵਿਸ਼ੇਸ਼ ਭਾਸ਼ਣ ਦਾ ਆਯੋਜਨ ਕੀਤਾ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ 16 ਮਈ : ਪੀ.ਏ.ਯੂ. ਦੇ ਕਮਿਊਨਟੀ ਸਾਇੰਸ ਕਾਲਜ ਦੇ ਐਪਰਲ ਅਤੇ ਟੈਕਸਟਾਇਲ ਵਿਗਿਆਨ ਵਿਭਾਗ ਨੇ ਇਕ ਮਹਿਮਾਨ ਭਾਸ਼ਣ ਆਯੋਜਨ ਕੀਤਾ| ਇਸ ਭਾਸ਼ਣ ਮੌਕੇ ਪ੍ਰਧਾਨਗੀ ਲਈ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਮੌਜੂਦ ਰਹੇ| ਉਹਨਾਂ ਨਾਲ ਕਾਲਜ ਦੇ ਡੀਨ ਡਾ. ਕਿਰਨ ਬੈਂਸ ਸ਼ਾਮਿਲ ਹੋਏ| ਮਹਿਮਾਨ ਭਾਸ਼ਣ ਦੇਣ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਐਪਰਲ ਅਤੇ ਟੈਕਸਟਾਇਲ ਤਕਨਾਲੋਜੀ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ. ਪਰਮਬੀਰ ਮੱਲੀ ਮੌਜੂਦ ਸਨ| ਆਪਣੇ ਭਾਸ਼ਣ ਦੌਰਾਨ ਡਾ. ਮੱਲੀ ਨੇ ਵਸਤਰ ਵਿਗਿਆਨ ਵਿਚ ਫੈਸ਼ਨ ਡਿਜ਼ਾਈਨਿੰਗ ਅਤੇ ਸਿਰਜਣਾਤਮਕ ਮੁਹਾਰਤ ਦੀ ਮਹੱਤਤਾ ਬਾਰੇ ਗੱਲ ਕੀਤੀ| ਇਸਦੇ ਨਾਲ ਹੀ ਉਹਨਾਂ ਨੇ ਕੱਪੜਿਆਂ ਦੀਆਂ ਕਿਸਮਾਂ, ਬਣਤਰ ਅਤੇ ਬੁਣਤਰ ਦੇ ਨਾਲ ਸਿਲਾਈ ਤਕਨੀਕਾਂ ਬਾਰੇ ਦੱਸਿਆ| ਡਾ. ਮੱਲੀ ਨੇ ਵਸਤਰ ਵਿਗਿਆਨ ਦੇ ਖੇਤਰ ਵਿਚ ਹੋਈ ਤਰੱਕੀ ਅਤੇ ਇਸ ਖੇਤਰ ਵਿਚ ਵਿਦਿਆਰਥੀਆਂ ਲਈ ਮੌਕਿਆਂ ਬਾਰੇ ਵੀ ਗੱਲ ਕੀਤੀ|

ਪ੍ਰਧਾਨਗੀ ਭਾਸ਼ਣ ਦਿੰਦਿਆਂ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਕਿਹਾ ਕਿ ਅਜੋਕੇ ਦੌਰ ਵਿਚ ਅਜਿਹੇ ਗਿਆਨ ਵਰਧਕ ਭਾਸ਼ਣ ਵਿਦਿਆਰਥੀਆਂ ਨੂੰ ਰਚਨਾਤਮਕ ਦਿਸ਼ਾ ਵੱਲ ਤੋਰਦੇ ਹਨ| ਉਹਨਾਂ ਨੇ ਸੰਸਾਰ ਦੀਆਂ ਵਸਤਰ ਦੇ ਖੇਤਰ ਵਿਚ ਬਦਲਦੀਆਂ ਰੁਚੀਆਂ ਬਾਰੇ ਵਿਸਥਾਰ ਨਾਲ ਗੱਲ ਕੀਤੀ ਅਤੇ ਕਿਹਾ ਕਿ ਹੁਣ ਵਸਤਰ ਮਨੁੱਖੀ ਸਖਸ਼ੀਅਤ ਦਾ ਅਭਿੰਨ ਅੰਗ ਬਣ ਚੁੱਕੇ ਹਨ ਅਤੇ ਇਸ ਖੇਤਰ ਨੂੰ ਤਕਨੀਕੀ ਤੌਰ ਤੇ ਮੁਹਾਰਤ ਨਾਲ ਜੋੜਨਾ ਸਮੇਂ ਦੀ ਲੋੜ ਹੈ|

ਕਾਲਜ ਦੇ ਡੀਨ ਡਾ. ਕਿਰਨ ਬੈਂਸ ਨੇ ਇਸ ਸ਼ਾਨਦਾਰ ਭਾਸ਼ਣ ਨੂੰ ਆਯੋਜਿਤ ਕਰਨ ਲਈ ਵਿਭਾਗ ਦੇ ਵਿਗਿਆਨੀਆਂ ਦੀ ਪ੍ਰਸ਼ੰਸ਼ਾ ਕੀਤੀ|

## ਬਾਬਾ ਫਰੀਦ ਪਬਲਿਕ ਸਕੂਲ 'ਚ ਟਾਪਰਾਂ ਦਾ ਮੇਲਾ, 90 ਫੀਸਦੀ ਵਾਲਿਆਂ 'ਤੇ ਇਨਾਮਾਂ ਦੀ ਵਰਖਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 16 ਮਈ : ਬਾਬਾ ਫਰੀਦ ਪਬਲਿਕ ਸਕੂਲ ਫਰੀਦਕੋਟ ਵੱਲੋਂ ਸੀ.ਬੀ.ਐੱਸ.ਈ. ਬੋਰਡ ਪ੍ਰੀਖਿਆ 2025-26 ਦੇ ਦਸਵੀਂ ਤੇ ਬਾਰ੍ਹਵੀਂ ਜਮਾਤ ਦੇ ਮੈਰਿਟਧਾਰੀ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਸਨਮਾਨ ਸਮਾਰੋਹ ਫਰੀਦ ਆਡੀਟੋਰੀਅਮ 'ਚ ਪੂਰੇ ਜਾਹੋ-ਜਲਾਲ ਨਾਲ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਸਕੂਲ ਦੇ ਚੇਅਰਮੈਨ ਸਿਮਰਜੀਤ ਸਿੰਘ ਸੇਖੋਂ ਨੇ ਕੀਤੀ ਜਦਕਿ ਕਮੇਟੀ ਮੈਂਬਰਾਂ ਗੁਰਜਾਪ ਸਿੰਘ ਸੇਖੋਂ, ਸੁਰਿੰਦਰ ਸਿੰਘ ਰੋਮਾਣਾ, ਕੁਲਜੀਤ ਸਿੰਘ ਮੋਂਗੀਆ, ਨਰਿੰਦਰਪਾਲ ਸਿੰਘ ਬਰਾੜ ਅਤੇ ਡਾ. ਪ੍ਰਭਤੇਸ਼ਵਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ 12ਵੀਂ ਦੇ 47 ਅਤੇ 10ਵੀਂ ਦੇ 86 ਵਿਦਿਆਰਥੀਆਂ ਸਮੇਤ ਕੁੱਲ 140 ਵਿਦਿਆਰਥੀਆਂ ਨੂੰ, ਜਿਨ੍ਹਾਂ ਨੇ 90 ਫੀਸਦੀ ਤੋਂ ਵੱਧ ਅੰਕ ਹਾਸਲ ਕੀਤੇ, ਟਰਾਫੀਆਂ ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਪਹਿਲਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ 31 ਹਜ਼ਾਰ, ਦੂਜਾ ਸਥਾਨ ਲੈਣ ਵਾਲਿਆਂ ਨੂੰ 21 ਹਜ਼ਾਰ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਿਆਂ ਨੂੰ 11 ਹਜ਼ਾਰ ਰੁਪਏ ਪ੍ਰਤੀ ਵਿਦਿਆਰਥੀ ਨਕਦ ਇਨਾਮ ਦਿੱਤੇ ਗਏ। ਸ਼ਾਨਦਾਰ ਨਤੀਜੇ ਦੇਣ ਵਾਲੇ ਅਧਿਆਪਕਾਂ ਨੂੰ ਵੀ 5100/- ਰੁਪਏ ਦੇ ਕੇ ਸਨਮਾਨਿਆ ਗਿਆ। ਕਾ. ਪ੍ਰਿੰਸੀਪਲ ਮੈਡਮ ਸੁਖਦੀਪ ਕੌਰ ਨੇ ਕਿਹਾ ਕਿ ਇਹ ਪ੍ਰਾਪਤੀਆਂ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਅਧਿਆਪਕਾਂ ਦੀ ਲਗਨ ਅਤੇ ਮਾਪਿਆਂ ਦੇ ਸਹਿਯੋਗ ਸਦਕਾ ਸੰਭਵ ਹੋਈਆਂ ਹਨ। ਕਾ. ਵਾਈਸ ਪ੍ਰਿੰਸੀਪਲ ਮੈਡਮ ਹਰਸਿਮਰਨਜੀਤ ਕੌਰ ਨੇ ਕਿਹਾ ਕਿ ਇਹ ਸਫਲਤਾ ਅਤੇ ਪ੍ਰਸੰਸ਼ਾ ਹੋਰ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਬਣੇਗੀ। ਸਮਾਗਮ ਦੌਰਾਨ ਮਾਪਿਆਂ ਤੇ ਵਿਦਿਆਰਥੀਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਅੰਤ ਵਿੱਚ ਸਕੂਲ ਪ੍ਰਬੰਧਨ ਨੇ ਸਾਰੇ ਜੇਤੂ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ।

## ਪੀ.ਏ.ਯੂ. ਦੇ ਪੈਡਲ ਕਲੱਬ ਨੇ ਸਾਇਕਲ ਸਵਾਰੀ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 16 ਮਈ : ਯੂਨੀਵਰਸਿਟੀ ਕੈਂਪਸ ਵਿਚ ਸਾਇਕਲਿੰਗ ਨੂੰ ਉਤਸ਼ਾਹਿਤ ਕਰਨ ਲਈ ਪੀ.ਏ.ਯੂ. ਦੇ ਪੈਡਲ ਕਲੱਬ ਨਾਲ ਜੁੜੇ ਵਿਦਿਆਰਥੀਆਂ ਅਤੇ ਮਾਹਿਰਾਂ ਨੇ ਇਕ ਵਿਸ਼ੇਸ਼ ਸਾਇਕਲ ਸਵਾਰੀ ਆਯੋਜਿਤ ਕੀਤੀ| ਇਸ ਵਿਚ 30 ਸਾਇਕਲ ਚਾਲਕ ਸ਼ਾਮਿਲ ਹੋਏ|



ਨਿਰਦੇਸ਼ਕ ਵਿਦਿਆਰਥੀ ਭਲਾਈ ਡਾ. ਕਮਲਜੀਤ ਸਿੰਘ ਸੂਰੀ ਨੇ ਇਸ ਰੈਲੀ ਨੂੰ ਝੰਡੀ ਦੇ ਕੇ ਰਵਾਨਾ ਕੀਤਾ| ਉਹਨਾਂ ਕਿਹਾ ਕਿ ਕਾਲਜ ਦੀ ਸਵੱਛਤਾ ਅਤੇ ਸਿਹਤ ਤੰਦਰੁਸਤੀ ਬਰਕਰਾਰ ਰੱਖਣ ਲਈ ਸਾਇਕਲ ਚਾਲਣ ਬੜਾ ਅਹਿਮ ਸ਼ੌਕ ਹੈ| ਨਾਲ ਹੀ ਉਹਨਾਂ ਨੇ ਵਿਦਿਆਰਥੀਆਂ ਅਤੇ ਵਿਗਿਆਨੀਆਂ ਨੂੰ ਕੈਂਪਸ ਵਿਚ ਆਵਾਜਾਈ ਲਈ ਸਾਇਕਲ ਚਾਲਣ ਲਈ ਪ੍ਰੇਰਿਤ ਕੀਤਾ|

ਇਸ ਮੌਕੇ ਡਾ. ਪਰਮਵੀਰ ਗਰੇਵਾਲ, ਡਾ. ਸੁਖਬੀਰ ਸਿੰਘ ਤੋਂ ਇਲਾਵਾ ਡਾ. ਰੁਪਿੰਦਰ ਕੌਰ, ਸ਼੍ਰੀਮਤੀ ਕਮਲਜੀਤ ਕੌਰ, ਸਮੂਹ ਕੋਚ ਅਤੇ ਡਾਇਰੈਕਟੋਰੇਟ ਦੇ ਅਧਿਕਾਰੀ ਮੌਜੂਦ ਸਨ|

## ਸ਼ਹੀਦ ਸੁਖਦੇਵ ਜੀ ਦੇ ਜਨਮ ਦਿਵਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਪੂਨਮ ਸਿੰਘ ਨੇ ਸ਼ਰਧਾ ਦੇ ਫੁੱਲ ਕੀਤੇ ਭੇਟ

*ਵਧੀਕ ਡਿਪਟੀ ਕਮਿਸ਼ਨਰ ਪੂਨਮ ਸਿੰਘ ਨੇ ਸ਼ਹੀਦ ਸੁਖਦੇਵ ਦੇ ਜੱਦੀ ਘਰ ਤੱਕ ਸਿੱਧੀ ਪਹੁੰਚ ਸੜਕ ਦਾ ਕੀਤਾ ਉਦਘਾਟਨ*

*ਦੇਸ਼ ਲਈ ਸ਼ਹੀਦਾਂ ਦੀ ਕੁਰਬਾਨੀ ਹਮੇਸ਼ਾ ਯਾਦ ਰਹੇਗੀ: ਪੂਨਮ ਸਿੰਘ*

*ਨੌਜਵਾਨ ਸਮਾਜਿਕ ਬੁਰਾਈਆਂ ਖ਼ਿਲਾਫ਼ ਅੱਗੇ ਆਉਣ: ਵਧੀਕ ਡਿਪਟੀ ਕਮਿਸ਼ਨਰ*

*ਸ਼ਹੀਦ ਸੁਖਦੇਵ, ਭਗਤ ਸਿੰਘ ਤੇ ਰਾਜਗੁਰੂ ਦੀ ਸੋਚ ਨੌਜਵਾਨਾਂ ਲਈ ਪ੍ਰੇਰਣਾ ਸਰੋਤ*

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 16 ਮਈ : ਵਧੀਕ ਡਿਪਟੀ ਕਮਿਸ਼ਨਰ (ਜ) ਪੂਨਮ ਸਿੰਘ ਨੇ ਸ਼ੁੱਕਰਵਾਰ ਨੂੰ ਮਹਾਨ ਆਜ਼ਾਦੀ ਘੁਲਾਟੀਏ ਸ਼ਹੀਦ ਸੁਖਦੇਵ ਜੀ ਨੂੰ ਉਨ੍ਹਾਂ ਦੇ ਜਨਮ ਦਿਵਸ ਮੌਕੇ ਮੁਹੱਲਾ ਨੌਘਰਾ ਵਿਖੇ ਉਨ੍ਹਾਂ ਦੇ ਜੱਦੀ ਘਰ ਵਿਖੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਸ਼ਹੀਦ ਸੁਖਦੇਵ ਥਾਪਰ ਮੈਮੋਰੀਅਲ ਟਰੱਸਟ ਦੇ ਰਾਸ਼ਟਰੀ ਪ੍ਰਧਾਨ ਅਸ਼ੋਕ ਥਾਪਰ ਅਤੇ ਤ੍ਰਿਭੁਵਨ ਥਾਪਰ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ ਪੂਨਮ ਸਿੰਘ ਨੇ ਚੌੜਾ ਬਾਜ਼ਾਰ ਤੋਂ ਸ਼ਹੀਦ ਦੇ ਜੱਦੀ ਘਰ ਤੱਕ ਸਿੱਧੀ ਪਹੁੰਚ ਸੜਕ ਦਾ ਰਸਮੀ ਉਦਘਾਟਨ ਵੀ ਕੀਤਾ।

ਇਸ ਮੌਕੇ ਬੋਲਦਿਆਂ ਵਧੀਕ ਡਿਪਟੀ ਕਮਿਸ਼ਨਰ ਪੂਨਮ ਸਿੰਘ ਨੇ ਕਿਹਾ ਕਿ ਸ਼ਹੀਦ ਸੁਖਦੇਵ ਜੀ, ਸ਼ਹੀਦ ਭਗਤ ਸਿੰਘ ਜੀ ਅਤੇ ਸ਼ਹੀਦ ਰਾਜਗੁਰੂ ਜੀ ਨੇ ਦੇਸ਼ ਲਈ ਮਹਾਨ ਕੁਰਬਾਨੀ ਦਿੱਤੀ ਅਤੇ ਦੇਸ਼ ਹਮੇਸ਼ਾ ਉਨ੍ਹਾਂ ਦਾ ਰਿਣੀ ਰਹੇਗਾ। ਉਨ੍ਹਾਂ ਕਿਹਾ ਕਿ ਧਰਤੀ ਦੇ ਇਨ੍ਹਾਂ ਮਹਾਨ ਸਪੂਤਾਂ ਨੇ ਭਾਰਤ ਨੂੰ ਵਿਦੇਸ਼ੀ ਸਾਮਰਾਜਵਾਦ ਦੇ ਬੰਧਨਾਂ ਤੋਂ ਮੁਕਤ ਕਰਵਾਉਣ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ। ਉਨ੍ਹਾਂ ਅੱਗੇ ਕਿਹਾ ਕਿ ਅਜਿਹੇ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅੱਜ ਨਾਗਰਿਕ ਸ਼ਾਂਤੀ, ਆਜ਼ਾਦੀ ਅਤੇ ਭਾਈਚਾਰਕ ਸਾਂਝ ਦੇ ਮਾਹੌਲ ਵਿੱਚ ਰਹਿ ਰਹੇ ਹਨ।

ਪੂਨਮ ਸਿੰਘ ਨੇ ਕਿਹਾ, "ਸਾਨੂੰ ਆਪਣੇ ਸ਼ਹੀਦਾਂ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ। ਉਨ੍ਹਾਂ ਨੇ ਬਹੁਤ ਛੋਟੀ ਉਮਰ ਵਿੱਚ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ ਸਨ ਅਤੇ ਹੁਣ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ ਕਿ ਉਹ ਰਾਸ਼ਟਰੀ ਏਕਤਾ, ਅਖੰਡਤਾ ਅਤੇ ਤਰੱਕੀ ਲਈ ਅਣਥੱਕ ਮਿਹਨਤ ਕਰੇ।" ਉਨ੍ਹਾਂ ਅੱਗੇ ਕਿਹਾ ਕਿ ਸ਼ਹੀਦ ਸੁਖਦੇਵ ਜੀ, ਸ਼ਹੀਦ ਭਗਤ ਸਿੰਘ ਜੀ ਅਤੇ ਸ਼ਹੀਦ ਰਾਜਗੁਰੂ ਜੀ ਦਾ ਜੀਵਨ, ਆਦਰਸ਼ ਅਤੇ ਦਰਸ਼ਨ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੇ ਰਹਿਣਗੇ।

ਵਧੀਕ ਡਿਪਟੀ ਕਮਿਸ਼ਨਰ ਪੂਨਮ ਸਿੰਘ ਨੇ ਨੌਜਵਾਨਾਂ ਨੂੰ ਭ੍ਰਿਸ਼ਟਾਚਾਰ, ਨਸ਼ਾਖੋਰੀ, ਭਰੂਣ ਹੱਤਿਆ ਅਤੇ ਅਨਪੜ੍ਹਤਾ ਵਰਗੀਆਂ ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਸਰਗਰਮੀ ਨਾਲ ਯੋਗਦਾਨ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਦੇਸ਼ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

## ਡਾ. ਮਨਜੀਤ ਸਿੰਘ ਮਝੈਲ ਦੀਆਂ ਦੋ ਪੁਸਤਕਾਂ ਲੋਕ-ਅਰਪਣ

ਵਰਲਡ ਪੰਜਾਬੀ ਟਾਈਮਜ਼



ਚੰਡੀਗੜ੍ਹ 16 ਮਈ : ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਦੀ ਵਿਸ਼ੇਸ਼ ਇਕੱਤਰਤਾ ਪੰਜਾਬ ਕਲਾ ਭਵਨ ਚੰਡੀਗੜ੍ਹ ਵਿਖੇ ਹੋਈ ਜਿਸ ਵਿਚ ਡਾ. ਮਨਜੀਤ ਸਿੰਘ ਮਝੈਲ ਦੀਆਂ ਦੋ ਬਾਲ ਪੁਸਤਕਾਂ ਲੋਕ-ਅਰਪਣ ਕੀਤੀਆਂ ਗਈਆਂ।ਇਕ ਪੁਸਤਕ "ਕੱਦੂ ਬਾਦਸ਼ਾਹ" ਬਾਲ ਕਹਾਣੀਆਂ ਦੀ ਅਤੇ ਦੂਜੀ ਪੁਸਤਕ "ਮਾਣੋ ਬਿੱਲੀ" ਕਵਿਤਾਵਾਂ/ਗੀਤਾਂ ਦੀ ਹੈ। ਸ਼੍ਰੋਮਣੀ ਸਾਹਿਤਕਾਰ ਮਨਮੋਹਨ ਸਿੰਘ ਦਾਊਂ ਨੇ ਇਸ ਸਮਾਗਮ ਦੀ ਪ੍ਰਧਾਨਗੀ ਕੀਤੀ ਜਦੋਂ ਕਿ ਚੰਡੀਗੜ੍ਹ ਸਾਹਿਤ ਅਕਾਦਮੀ ਦੇ ਜਨ: ਸਕੱਤਰ ਸੁਭਾਸ਼ ਭਾਸਕਰ, ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਲ ਹੋਏ। ਇਹਨਾਂ ਤੋਂ ਇਲਾਵਾ ਪ੍ਰਧਾਨਗੀ ਮੰਡਲ ਵਿਚ ਲੇਖਕ ਡਾ. ਮਨਜੀਤ ਸਿੰਘ ਮਝੈਲ ਅਤੇ ਕੇਂਦਰ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਮਾਵੀ ਵੀ ਸੁਸ਼ੋਭਿਤ ਸਨ।ਮਾਵੀ ਜੀ ਨੇ ਸਭ ਨੂੰ "ਜੀ ਆਇਆਂ" ਆਖਿਆ ਅਤੇ ਕਿਹਾ ਕਿ ਚੰਗਾ ਸਾਹਿਤਕਾਰ, ਚੰਗਾ ਮਨੁੱਖ ਹੋਣਾ ਵੀ ਜਰੂਰੀ ਹੈ।ਪ੍ਰਧਾਨਗੀ ਮੰਡਲ ਨੇ ਪੁਸਤਕਾਂ ਲੋਕ-ਅਰਪਣ ਕੀਤੀਆਂ।ਜਸਵਿੰਦਰ ਸਿੰਘ ਕਾਈਨੌਰ ਨੇ ਪੇਪਰ ਪੜ੍ਹਦੇ ਹੋਏ ਕਹਾਣੀਆਂ ਦੀ ਕਿਤਾਬ ਬਾਰੇ ਕਿਹਾ ਕਿ ਇਹ ਸਮਾਜਿਕ ਜਾਗਰੁਕਤਾ ਦਾ ਸੁਨੇਹਾ ਦਿੰਦੀਆਂ ਹਨ। ਰੰਗੀਨ ਤਸਵੀਰਾਂ ਕਿਤਾਬ ਨੂੰ ਦਿਲਕਸ਼ ਬਣਾ ਦਿੰਦੀਆਂ ਹਨ।ਪਿਆਰਾ ਸਿੰਘ ਰਾਹੀ ਨੇ ਕਿਹਾ ਕਿ ਕਵਿਤਾਵਾਂ ਦੇ ਵਿਸ਼ੇ ਮੌਲਿਕ ਹਨ।ਦ੍ਰਿਸ਼ ਚਿਤਰਣ ਬਹੁਤ ਖੂਬਸੂਰਤ ਹੈ।ਇਹਨਾਂ ਪੁਸਤਕਾਂ ਉਤੇ ਬਲਕਾਰ ਸਿੰਘ ਸਿੱਧੂ,ਬਹਾਦਰ ਸਿੰਘ ਗੋਸਲ, ਭੁਪਿੰਦਰ ਮਲਿਕ ਅਤੇ ਡਾ. ਅਵਤਾਰ ਸਿੰਘ ਪਤੰਗ, ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।ਗੁਰਨਾਜ ਸਿੰਘ, ਸੁਹਾਨਾ ਅਤੇ ਸ਼ਬੀਨਾਜ ਨੇ ਵੱਖੋ ਵੱਖ ਗੀਤ ਪੇਸ਼ ਕੀਤੇ।ਸ੍ਰੀਮਤੀ ਸੁਦਰਸ਼ਨ ਮਝੈਲ, ਪਰਤਾਪ ਪਾਰਸ, ਰਤਨ ਬਾਬਕਵਾਲਾ, ਬਲਜਿੰਦਰ ਕੌਰ ਸ਼ੇਰਗਿੱਲ ਅਤੇ ਭਰਪੂਰ ਸਿੰਘ ਨੇ ਵੀ ਕਿਤਾਬ ਵਿਚੋਂ ਗੀਤ ਸੁਣਾਏ।ਲੇਖਕ ਨੇ ਕਿਹਾ ਕਿ ਬਾਲ ਸਾਹਿਤ ਲਿਖਣਾ ਔਖਾ ਨਹੀਂ ਕਿਉਂਕਿ ਬੱਚਾ ਹਰ ਬੰਦੇ ਦੇ ਅੰਦਰ ਬੈਠਾ ਹੁੰਦਾ ਹੈ।ਉਹਨਾਂ ਇਕ ਕਵਿਤਾ ਵੀ ਸੁਣਾਈ।ਸੁਭਾਸ਼ ਭਾਸਕਰ ਨੇ ਕਿਹਾ ਕਿ ਬੱਚਿਆਂ ਨੂੰ ਸਾਹਿਤ ਦੀ ਚੇਟਕ ਲਾਉਣੀ ਚਾਹੀਦੀ ਹੈ।ਮਨਮੋਹਨ ਸਿੰਘ ਦਾਊਂ ਨੇ ਕਿਹਾ ਕਿ ਲਿਖਣ ਤੋਂ ਪਹਿਲਾਂ ਬਾਲ ਮਨ ਬਾਰੇ ਗਿਆਨ ਹੋਣਾ ਜਰੂਰੀ ਹੈ।ਨਵੇਂ ਵਿਸ਼ੇ ਤਲਾਸ਼ਣੇ ਪੈਣੇ ਹਨ।ਕੇਂਦਰ ਵਲੋਂ ਸਭ ਮਹਿਮਾਨਾਂ ਦਾ ਮਾਨ-ਸਨਮਾਨ ਕੀਤਾ ਗਿਆ। ਸਟੇਜ ਸੰਚਾਲਨ ਗੁਰਦਰਸ਼ਨ ਸਿੰਘ ਮਾਵੀ ਨੇ ਸੁਚੱਜੇ ਢੰਗ ਨਾਲ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿਚ ਸਾਹਿਤਕਾਰ, ਵਿਦਵਾਨ ਅਤੇ ਪੱਤਰਕਾਰ ਹਾਜ਼ਰ ਸਨ।

## ਪੀ.ਏ.ਯੂ. ਨੇ ਮਸਾਲੇ ਉਗਾਉਣ ਵਾਲੇ ਕਿਸਾਨਾਂ ਦੀ ਸਿਖਲਾਈ ਲਈ ਕੈਂਪ ਲਾਇਆ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ 16 ਮਈ : ਪੀ.ਏ.ਯੂ. ਦੇ ਡਾਇਰੈਕਟੋਰੇਟ ਪਸਾਰ ਸਿੱਖਿਆ ਵੱਲੋਂ ਮਸਾਲੇ ਵਾਲੀਆਂ ਅਤੇ ਮਹਿਕਦਾਰ ਫਸਲਾਂ ਉਗਾਉਣ ਵਾਲੇ ਕਿਸਾਨਾਂ ਦੇ ਕਲੱਬ ਲਈ ਵਿਸ਼ੇਸ਼ ਸਿਖਲਾਈ ਕੈਂਪ ਆਯੋਜਿਤ ਕੀਤਾ ਗਿਆ| ਇਸ ਵਿਚ 20 ਕਿਸਾਨ ਸ਼ਾਮਿਲ ਹੋਏ| ਜੈਵਿਕ ਅਤੇ ਕੁਦਰਤੀ ਖੇਤੀ ਸਕੂਲ ਦੇ ਡਾ. ਰਜਿੰਦਰ ਕੁਮਾਰ ਦੀ ਸੰਚਾਲਨਾ ਹੇਠ ਹੋਏ ਇਸ ਸਿਖਲਾਈ ਕੈਂਪ ਵਿਚ ਮਾਹਿਰਾਂ ਨੇ ਮਸਾਲੇ ਵਾਲੀਆਂ ਫਸਲਾਂ ਦੀ ਕਾਸ਼ਤ ਦੀਆਂ ਤਕਨੀਕਾਂ ਅਤੇ ਮੰਡੀ ਵਿਚ ਇਹਨਾਂ ਦੀਆਂ ਸੰਭਾਵਨਾਵਾਂ ਬਾਰੇ ਵਿਸਥਾਰ ਨਾਲ ਗੱਲ ਕੀਤੀ| ਡਾ. ਵਜਿੰਦਰ ਪਾਲ ਨੇ ਮਸਾਲੇ ਵਾਲੀਆਂ ਫਸਲਾਂ ਦੀ ਕਾਸ਼ਤ ਅਤੇ ਮਹੱਤਤਾ ਬਾਰੇ, ਡਾ. ਗੁਰਨਾਜ਼ ਗਿੱਲ ਨੇ ਪ੍ਰੋਸੈਸਿੰਗ ਦੀਆਂ ਆਧੁਨਿਕ ਤਕਨੀਕਾਂ ਬਾਰੇ, ਡਾ. ਖੁਸ਼ਦੀਪ ਧਰਨੀ ਨੇ ਮੰਡੀਕਰਨ ਦੇ ਤਰੀਕਿਆਂ ਬਾਰੇ ਗੱਲਬਾਤ ਕੀਤੀ| ਮਸਾਲਿਆਂ ਦੀ ਪ੍ਰੋਸੈਸਿੰਗ ਲਈ ਐਗਰੋ ਪ੍ਰੋਸੈਸਿੰਗ ਯੂਨਿਟ ਦਾ ਦੌਰਾ ਕਿਸਾਨਾਂ ਨੂੰ ਕਰਵਾਇਆ ਗਿਆ| ਇਸ ਦੌਰੇ ਦੇ ਸੰਯੋਜਕ ਡਾ. ਗੁਰਵੀਰ ਕੌਰ ਸਨ| ਕਿਸਾਨਾਂ ਨੇ ਮਾਹਿਰਾਂ ਕੋਲੋਂ ਆਪਣੇ ਸਵਾਲਾਂ ਦੇ ਜਵਾਬ ਲਏ ਅਤੇ ਹਲਦੀ ਅਤੇ ਹੋਰ ਮਸਾਲੇ ਵਾਲੀਆਂ ਕਿਸਮਾਂ ਦੀ ਕਾਸ਼ਤ ਲਈ ਵਿਸ਼ੇਸ਼ ਦਿਲਚਸਪੀ ਦਿਖਾਈ|

## ਚਿੱੜੀ




ਚਿੱੜਾ ਚਿੱੜੀ ਦੀ ਲੱਗੀ
ਦੋਸਤੀ, ਲੱਗੀ ਕਿੱਕਰ ਟੀਸੀ।
ਚਿੱੜਾ ਵਿਚਾਰਾ ਚੀਂ ਚੀਂ
ਕਰਦਾ, ਚਿੱੜੀ ਬੈਠੀ ਚੁੱਪ ਕੀਤੀ।
ਬੋਲੋ ਵੇ ਚਿੱੜਿਓ, ਕਿਉਂ ਦੁਨੀਆਂ
ਠਿੱਠ ਕੀਤੀ।
ਸੁਣ ਨੀ ਚਿੱੜੀਏ, ਚੁੱਪ ਕੀਤੀਏ
ਨੀ ਜਿਉਣ ਜੋਗੀਏ!
ਸੁਣ ਕੇ ਗੱਲ ਨੂੰ ਜਾਈਏ।
ਦੁਨੀਆਂ ਮਤੱਲਵ ਦੀ
ਆਪਣੇ ਦਾਅ ਤੇ ਰਹੀਏ।
ਨੀ ਲਾਈ ਲੱਗ ਨਾ ਬਣੀਏ
ਉਸਦੀ ਸੁਣੀਏ ਤੇ ਆਪਦੀ ਕਹੀਏ।
ਬਿਨ ਪੁੱਛੇ ਤੋਂ ਅਣਜਾਣ
ਰਸਤੇ ਨਾ ਪਈਏ।
ਦੂਜਿਆਂ ਕੋਲੋ ਤਾਂ ਠੀਕ ਆ
ਆਪਣਿਆਂ ਤੋਂ ਵੀ ਬਚ ਕੇ ਰਹੀਏ।

ਰੱਖ ਹੌਂਸਲੇ ਬਲੰਦ
ਤੂੰ ਢੇਰੀ ਨਾ ਢਾਹ।
ਕੀ ਹੋਇਆ ਜੇ ਅੱਜ ਫਿਰ
ਮਨੁੱਖ ਹੱਥ ਕੁਹਾੜੀ ਆ।
ਹਾਂ,ਪਹਿਲਾਂ ਮੰਗਵੀਂ ਸੀ
ਗੁਆਂਢੀ ਤੋਂ ਲਿਆਇਆ।
ਹੁਣ ਆਪਣੀ ਨਵੀਂ ਕੁਹਾੜੀ
ਛਾਂਗੀਆਂ ਸੀ ਟਾਹਣੀਆਂ
ਬਹਾਨਾ ਹੇਠਾਂ ਧੁੱਪ ਨਾ ਲੱਗਣ,
ਦਾ ਸੀ ਇਹਨੇ ਲਾਇਆ।
ਸਾਡੀਆਂ ਟਾਹਣੀਆਂ ਦਾ
ਬਣਾ ਬਾਹਾਂ ਸੀ ਕੁਹਾੜੀ ਪਾਇਆ।
ਕਰੀਏ ਕੀ, ਚਿੜੀਏ ਨੀ
ਜਦੋਂ ਆਪਣੇ ਹੀ, ਪਾਸਾ ਵੱਟਣ ਲੱਗੇ
ਆਪਣਿਆਂ ਨੂੰ ਕੱਟਣ ਲੱਗੇ
ਸੱਚੀਂ ਰਤਾ ਵੀ ਨੀ ਰੁਕੇ
ਮੈਂ ਵਾਸਤਾ ਵੀ ਸੀ ਬਥੇਰਾ ਪਾਇਆ।
ਬਿੰਦ ਲਾਇਆ ਮੈਨੂੰ ਕੱਟਣ ਨੂੰ
ਮੇਰੀ ਹੀ ਲੱਕੜ ਦੇ ਬਣੇ ਦਸਤੇ ਤੋਂ
ਇੱਕ ਝੱਟ ਵਿੱਚ ਸੀ ਮੈਨੂੰ ਕਟਵਾਇਆ।
ਸੁਣਲਾ ਨੀ ਚਿੱੜੀਏ!
ਇਹ ਕੀ ਭਾਣਾ ਵਰਤਾਇਆ
ਆਪਣਿਆਂ ਤੋਂ ਆਪਣੇ ਮਰਵਾਤੇ
ਇਹ ਕੀ ਖੇਲ ਰਚਾਇਆ।

ਜਾ ਨੀ ਚਿੜੀਏ,ਜਿਉਣ ਜੋਗੀਏ
ਖੰਭੇ ਆਲ੍ਹਣਾ ਪਾ,ਜਾਂ ਜੰਗਲ ਲੱਭ
ਜਾਂ ਪਹਾੜੀਂ ਚੜ੍ਹਜਾ,ਦਰੱਖਤ ਤਾਂ ਮੈਂ
ਕੱਟ ਦਿੱਤੇ ਨੇ, ਜਾ ਤੂੰ ਕਿਧਰੇ ਹੋਰ ਜਾ।
ਜੰਗਲ ਦੇ ਵਿੱਚ ਅੱਗ ਲੱਗੀ ਏ
ਚੁੰਜੀਂ ਨੀਰ ਲਿਆ, ਨੀ ਚਿੱੜੀਏ
ਛੇਤੀ ਛੇਤੀ ਅੱਗ ਬੁਝਾ ਨੀ ਚਿੱੜੀਏ।
ਆਉ ਅਸੀਂ ਇਕੱਠੇ ਹੋ ਕੇ,ਸੋਂਹ ਖਾਈਏ
ਮਾਰੀਏ ਹੰਭਲਾ, ਦਰੱਖਤ ਲਾਈਏ।
ਚਿੱੜੀਆਂ ਨੂੰ ਫਿਰ ਮੋੜ ਲਿਆਈਏ।

## ਗੀਤ: “ਤੇਰੇ ਬਾਝੋਂ”




(ਮੁੱਖੜਾ)

ਤੂੰ ਮੇਰੇ ਨਾਲ ਰਹਿਣ ਦਾ ਵਾਅਦਾ ਕੀਤਾ ਸੀ,
ਕਿਹਾ ਸੀ “ਸਾਰੀ ਉਮਰ ਮੇਰੇ ਨਾਲ ਰਹੇਗਾ”…
ਵੇ ਦਿਲਦਾਰਾ, ਤੂੰ ਤਾਂ ਦਿਲ ਹੀ ਕੱਢ ਕੇ ਲੈ ਗਿਆ,
ਤੇਰੇ ਬਾਝੋਂ ਮੇਰਾ ਸਾਰਾ ਸੰਸਾਰ ਸੁੰਨਾ ਹੋ ਗਿਆ।

(ਅੰਤਰਾ-1)

ਸਮੇਂ ਦੀ ਐਸੀ ਮਾਰ ਪਈ, ਕਿ ਸਾਹ ਲੈਣ ਦੀ ਮੋਹਲਤ ਨਾ ਮਿਲੀ,
ਨਾ ਕੁਝ ਆਖ ਸਕੀ, ਨਾ ਕੁਝ ਸੁਣ ਸਕੀ ਮੈਂ।
ਮੇਰੇ ਸੁੱਪਨੇ ਟੁੱਟ ਗਏ, ਮੇਰੀਆਂ ਸੱਧਰਾਂ ਮਿੱਟ ਗਈਆਂ,
ਮੇਰੇ ਨਾਲ ਤਾਂ ਬਹਾਰ ਵੀ ਰੁੱਸ ਕੇ ਚਲੀ ਗਈ।
ਹਾਏ, ਉਹ ਘੜੀ ਕਿੰਨੀ ਡਰਾਵਣੀ ਸੀ,
ਜਿਸ ਨੇ ਮੇਰੇ ਨਾਲ ਇਤਨਾ ਵੱਡਾ ਪਾਪ ਕਮਾਇਆ।

(ਮੁੱਖੜਾ)

ਵੇ ਦਿਲਦਾਰਾ, ਤੂੰ ਤਾਂ ਦਿਲ ਹੀ ਕੱਢ ਕੇ ਲੈ ਗਿਆ,
ਤੇਰੇ ਬਾਝੋਂ ਮੇਰਾ ਸਾਰਾ ਸੰਸਾਰ ਸੁੰਨਾ ਹੋ ਗਿਆ।

(ਅੰਤਰਾ-2)

ਜ਼ਿੰਦਗੀ ਦੇ ਸਾਰੇ ਹਾਸੇ ਮੁੱਕ ਗਏ, ਹਰ ਵਕਤ ਕਾਲਜਾ ਛਿੜਦਾ ਹੈ,
ਤੇਰੀ ਯਾਦ ਕਰ ਕੇ, ਮੇਰੀ ਰੂਹ ਤਾਰ-ਤਾਰ ਹੋ ਗਈ।
ਟਾਇਮ ਹੀ ਨਾ ਮਿਲਿਆ, ਮੇਰਾ ਦਿਲ ਟੁੱਟ ਗਿਆ,
ਦੱਸਾਂ ਕਿਸ ਨੂੰ, ਜਾਵਾਂ ਕਿੱਥੇ, ਸਭ ਅਰਮਾਨ ਖ਼ਤਮ ਹੋ ਗਏ।
ਮੇਰੇ ਨੈਣ ਵੀ ਸਾਵਣ ਵਾਂਗਰ ਵਰਸਦੇ ਨੇ,
ਪਰ ਪਿਆਰ ਦੀ ਪਤੀ ਅਜੇ ਵੀ ਉਛਾਲਦੀ ਰਹਿੰਦੀ ਹੈ।

(ਮੁੱਖੜਾ)

ਵੇ ਦਿਲਦਾਰਾ, ਤੂੰ ਤਾਂ ਦਿਲ ਹੀ ਕੱਢ ਕੇ ਲੈ ਗਿਆ,
ਤੇਰੇ ਬਾਝੋਂ ਮੇਰੀ ਜ਼ਿੰਦਗੀ ਹਾਰ ਗਈ।

(ਅੰਤਰਾ-3)

ਸਾਲਾਂ ਦੇ ਸਾਲ ਬੀਤ ਗਏ, ਸਮੇਂ ਨੂੰ ਵੀ ਹਾਸਾ ਆ ਗਿਆ,
ਜਵਾਨੀ ਦਾ ਦਰਿਆ ਰੁਕ ਗਿਆ, ਪਰ ਮੈਂ ਹਾਰ ਨਹੀਂ ਮੰਨੀ।
ਡਿਗਦੀ ਹਾਂ ਉੱਠਦੀ ਹਾਂ, ਸੂਰਜ ਦੀ ਬਾਂਹ ਫੜਦੀ ਹਾਂ,
ਮਾਂ-ਬੋਲੀ ਦੇ ਦਾਮਨ ‘ਚ ਮੁਹੱਬਤ ਪਾਲਦੀ ਹਾਂ।
ਹੰਝੂਆਂ ਨੂੰ ਰੋਕ ਕੇ ਹਾਸਾ ਹਸਦੀ ਹਾਂ,
ਯਾਦਾਂ ਦਾ ਸੋਹਣਾ ਬੂਟਾ ਦਿਲ ‘ਚ ਉਗਾਉਂਦੀ ਹਾਂ।

(ਅੰਤਮ ਮੁੱਖੜਾ)

ਸੋਚ-ਸੋਚ ਕੇ ਪ੍ਰੇਸ਼ਾਨ ਹੋ ਗਈ, ਪਰ ਹੁਣ ਸਮਝ ਆ ਗਈ,
ਤੂੰ ਤਾਰਾ ਬਣ ਕੇ ਵੇਖੇਂਗਾ, ਤੇਰੀ ਸੁਰਜੀਤ ਜਿੱਤੇਗੀ।
ਤੇਰੇ ਬਾਝੋਂ ਵੀ ਜ਼ਿੰਦਗੀ ਚਲਦੀ ਹੈ, ਚਲਦੀ ਰਹੇਗੀ…
ਤੇਰੇ ਨਾਮ ਦੀ ਜੋਤ ਜਗਾ ਕੇ, ਮੈਂ ਹੋਰਾਂ ਦੇ ਦੀਵੇ ਬਾਲਾਂਗੀ।

## ਉਹ ਮੇਰੀ ਕਵਿਤਾ ਨਹੀਂ ਸੀ




ਜਿਸਨੂੰ ਪੜ੍ਹ ਸੁਣ ਕੇ
ਤੁਸੀਂ ਵਾਹਵਾ ਕਿਹਾ,
ਉਹ ਮੇਰੀ ਕਵਿਤਾ ਨਹੀਂ ਸੀ ।

ਵੈਣ ਸਨ
ਅਣਵਗੇ ਅੱਥਰੂ ਸਨ ।
ਕਾਲਜੇ ਚੋਂ ਉੱਠੇ ਅਲੰਬੇ ਸਨ ।

ਕੀਰਨੇ ਸਨ
ਦੁਹੱਥੜੀ ਪਿੱਟਦੀ ਧਰਤੀ ਮਾਂ ਦੇ ।
ਧੀਆਂ ਦੇ ਸੁਹਾਗ ਗੁਆਚਣ ਦੇ ਵਿਯੋਗ ਵਿਚ,
ਅੰਬਰ ਨੂੰ ਛੋਹੰਦੀਆਂ ਲਾਟਾਂ ਸਨ ।

ਕਾਲੀ ਹਨੇਰੀ ਰਾਤ ਵਿਚ
ਭੌਂਕਦੇ ਕੁੱਤਿਆਂ ਦੇ ਖਿਲਾਫ਼,
ਉਹ ਤਾਂ ਚੌਕੀਦਾਰ ਦੀ
ਡਾਂਗ ਦਾ ਖੜਾਕ ਸੀ ।
ਜਾਗੋ ਮੀਟੀ ਵਿਚ ਲੰਮੇ ਪਏ ਬਜ਼ੁਰਗ ਦਾ ਖੰਘੂਰਾ ਸੀ,
ਜਵਾਨ ਉਮਰੇ ਮਾਰੀ ਬੜ੍ਹਕ ਸੀ ।

ਉਹ ਤਾਂ ਛਮ ਛਮ
ਨੁਮਕ ਠੁਮਕ ਤੁਰਦੀ,
ਮੁਟਿਆਰ ਦੇ ਅੱਗੇ ਅੱਗੇ ਤੁਰਦਾ,

ਕੈਂਠੇ ਵਾਲਾ ਪ੍ਰਾਹੁਣਾ ਬਣਨ ਦਾ ਹੁਸੀਨ ਸੁਪਨਾ ਸੀ ।
ਜੋ ਥੋੜ੍ਹ-ਜ਼ਮੀਨੇ ਜੱਟ ਦੇ ਪੁੱਤ ਨੂੰ ਕਦੇ ਨਸੀਬ ਨਾ ਹੋਇਆ ।
ਪੈਰ ਦੀ ਪਾਟੀ ਬਿਆਈ ਸੀ,
ਚਿਲੂੰ ਚਿਲੂੰ ਕਰਦਾ ਦਰਦ ਸੀ ।

ਕਿਆਰੀ ‘ਚ ਖਿੜੇ ਫੁੱਲਾਂ ਵਰਗੇ,
ਬਾਲਾਂ ਦਾ
ਤੋਤਲਾ ਮਾਸੂਮ ਹਾਸਾ ਸੀ ।

ਮੰਜਾ ਫੜ ਕੇ ਨਾਲ ਨਾਲ
ਤੁਰਨ ਦਾ ਪਹਿਲ ਪਲੇਠਾ
ਬਾਲੜਾ ਚਾਅ ਸੀ ।

ਬਾਸਮਤੀ ਵਾਲੀ
ਪੈਲੀ ‘ਚੋਂ ਉੱਠਦੀ
ਰਸੀਲੀ ਮਹਿਕ ਸੀ ।

ਆਏ ਗਏ ਲਈ ਸ਼ਹਿਰੋਂ ਲਿਆਂਦੀ ਸਾਬਣ ਦੀ ਟਿੱਕੀ ਸੀ ।
ਜਿਸ ਦੇ ਉੱਪਰਲੇ ਕਾਗਜ਼ ਨੂੰ
ਸੁੰਘ ਸੁੰਘ ਕੇ ਅਸੀਂ
ਨਿੱਕੇ ਹੁੰਦਿਆਂ ਫਾਵੇ ਹੁੰਦੇ ਰਹੇ ।

ਤੁਸੀਂ ਜਿਸਨੂੰ
ਕਵਿਤਾ ਦਾ ਨਾਮ ਦੇਂਦੇ ਰਹੇ,
ਨਾਜਾਇਜ਼ ਰਿਸ਼ਤਿਆਂ ਦੀ ਪਰਿਕਰਮਾ ਸੀ ।
ਬੇਗਾਨੀਆਂ ਧੀਆਂ ਭੈਣਾਂ ਦੇ ਜਿਸਮਾਂ ਦਾ ਜੁਗਰਾਫ਼ੀਆ ਸੀ ।

ਬੀਵੀ ਤੋਂ ਚੋਰੀ ਮਾਣੀਆਂ
ਖੁੱਲ੍ਹਾਂ ਦੀ ਫ਼ਹਿਰਿਸਤ ਸੀ ।

ਮਜਬੂਰੀ ਵੱਸ
ਹਰਾਮਖੋਰਾਂ ਦੇ ਚੁੰਗਲ ‘ਚ ਫਸੀ,
ਗਰੀਬ ਘਰ ਦੀ ਜੰਮੀ ਜਾਈ ਦਾ ਦਰਦੀਲਾ ਭਰਮ ਸੀ।

ਅੱਥਰੇ ਅਮੋੜ
ਕਾਮੀ ਘੋੜੇ ਦੀ ਬੇਰੋਕ ਦੌੜ ਸੀ ।
ਉਹ ਮੇਰੀ ਕਵਿਤਾ ਨਹੀਂ ਸੀ ।

ਤੁਸੀਂ ਜਿਸ ਨੂੰ
ਮਹਾਨ ਕਵਿਤਾ ਆਖਦੇ ਰਹੇ,
ਸ਼ਰਾਬ ਕਬਾਬ ਤੇ ਸ਼ਬਾਬ ਨਾਲ,
ਵਿਦਵਾਨਾਂ ਪਾਸੋਂ ਖ਼ਰੀਦੀ
ਫੋਕੀ ਵਾਹਵਾ ਸੀ ।

ਵਿਸ਼ਵ ਵਿਦਿਆਲਿਆਂ ਦੀ
ਬਦਬੂ ਮਾਰਦੀ
ਕਿਤਾਬੀ ਲਿਆਕਤ ਸੀ,
ਜੋ ਰਖੇਲ ਬਣ ਕੇ
ਗੋਸ਼ਟੀ ਹਾਲ ਵਿਚ,
ਝਾਂਜਰਾਂ ਦੇ ਬੋਰ
ਛਣਕਾਉਂਦੀ ਰਹੀ ।
ਉਹ ਮੇਰੀ ਕਵਿਤਾ ਨਹੀਂ ਸੀ ।

ਜਿਸਨੂੰ ਪੜ੍ਹ ਕੇ ਤੁਸੀਂ
ਨੱਕ ਬੁੱਲ੍ਹ ਵੱਟਦੇ ਰਹੇ,
ਉਹ ਅਤਰ ਫੁਲੇਲਾਂ ਨਾਲ
ਲਬਰੇਜ਼ ਤ੍ਰੀਮਤ ਨਹੀਂ ਸੀ ।
ਪਾਰਦਰਸ਼ੀ ਵਸਤਰਾਂ ਵਿਚ ਲਿਪਟੀ ਅਮਰਵੇਲ ਵਰਗੀ,
ਸੋਨੇ ਦੀ ਤਾਰ ਜਿਹੀ
ਨਾਰ ਨਹੀਂ ਸੀ ।

ਜਿਸਨੂੰ ਤੁਸੀਂ ਸਰਸਵਤੀ ਦੀ ਪਲੇਠੀ ਧੀ ਆਖ ਕੇ,
ਉਹਦੇ ਪੈਰਾਂ ਦੀਆਂ
ਤਲੀਆਂ ਚੱਟਦੇ ਰਹੇ
ਉਹ ਮੇਰੀ ਕਵਿਤਾ ਨਹੀਂ ਸੀ ।
ਉਹ ਮੇਰੀ ਕਵਿਤਾ ਨਹੀਂ ਸੀ ।

ਮੇਰੀ ਕਵਿਤਾ ਤਾਂ
ਅੱਥਰੇ ਘੋੜੇ ਤੇ ਸਵਾਰ
ਦੁੱਲੇ ਦੀ ਵੰਗਾਰ ਸੀ।
ਸੂਰਮੇ ਲਹੂ ਨਾਲ ਲਿਖੀ
ਸੁਰਖ ਬਹਾਰ ਸੀ

ਹਾਕਮ ਦੇ ਮੱਥੇ
ਖਿੰਘਰ ਵਾਂਗ ਵੱਜਦੀ
ਫਿਟਕਾਰ ਸੀ
ਜਿਸ ਨੂੰ ਤੁਸੀਂ
ਮਹਾਨਤਾ ਦੀ
ਕਲਗੀ ਸਜਾਉਂਦੇ ਰਹੇ
ਉਹ ਮੇਰੀ ਕਵਿਤਾ ਨਹੀਂ ਸੀ।

2001 ਵਿੱਚ ਛਪੀ ਕਾਵਿ ਪੁਸਤਕ “ਅਗਨ ਕਥਾ” ਵਿੱਚੋਂ